# ਪੰਜਾਬ ਅਨੁਸੂਚਿਤ ਜਾਤੀਆਂ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ।

## ਬਜਟ ਸਾਲ 2015-16

# ਪੰਜਾਬ ਅਨੁਸੂਚਿਤ ਜਾਤੀਆਂ ਭੌਂ- ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ।

## ਬਜਟ ਸਾਲ 2015-16

ਮੁੱਖ ਸਿਰਲੇਖ

(ਰਕਮ ਲੱਖਾਂ ਵਿੱਚ)

ੳ) ਤਜਵੀਜ ਕੀਤੀਆਂ ਪ੍ਰਾਪਤੀਆਂ

| | | |
|---|---|---|
| 1. 01.04.2015 ਨੂੰ ਮੁੱਢਲਾ ਬਕਾਇਆ | = | 1691.72 (ਅਨੁਲੱਗ ੳ) |
| 2. ਤਜਵੀਜ ਕੀਤੀਆਂ ਪ੍ਰਾਪਤੀਆਂ ਸਾਲ **2015-16** | = | 4888.00 (ਅਨੁਲੱਗ ੳ) |
| ਕੁੱਲ ਤਜਵੀਜ ਕੀਤੀ ਉਪਲੱਬਧਤਾ (1+2) | = | 6579.72 |

ਅ) ਤਜਵੀਜੀ ਵੰਡ/ ਅਦਾਇਗੀ

| | | |
|---|---|---|
| 1. ਕਰਜੇ/ਸਬਸਿਡੀ ਦੀ ਅਦਾਇਗੀ | = | 2688.00 (ਅਨੁਲੱਗ ਅ) |
| 2. ਅਮਲਾ/ਪ੍ਰਬੰਧਕੀ ਖਰਚੇ | = | 1381.70 (ਅਨੁਲੱਗ ੲ) |
| 3. ਸੰਪਤੀ ਦੀ ਖਰੀਦ | = | 8.20 (ਅਨੁਲੱਗ ਸ ) |
| 4. ਨੈਸ਼ਨਲ ਕਾਰਪੋਰੇਸ਼ਨਾਂ ਦੇ ਕਰਜੇ ਦੀ ਵਾਪਸੀ | = | 278.46 (ਅਨੁਲਗ ਸ ) |
| ਕੁੱਲ ਜੋੜ (1 ਤੋਂ 4) | = | 4356.36 |
| ਤਜਵੀਜੀ ਬਕਾਇਆ (ੳ-ਅ) | = | 2223.36 |

## ਅਨੁਲਗ (ੳ)

## ਸਾਲ 2015-2016 ਵਿੱਚ ਉਪਲੱਬਧ ਫੰਡ ਅਤੇ 2014-15 ਵਿੱਚ ਅਸਲ ਪ੍ਰਾਪਤੀ

(ਰਕਮ ਲੱਖਾਂ ਵਿੱਚ)

| ਲੜੀ ਨੰ: | ਵਿਸ਼ਾ | 1.4.2015 ਨੂੰ ਬਕਾਇਆ | ਤਜਵੀਜ ਪ੍ਰਾਪਤੀ (2015-2016) | ਕੁਲ ਪ੍ਰਾਪਤ ਫੰਡ (2015-2016) | ਅਸਲ ਪ੍ਰਾਪਤੀ (2014-15) |
|---|---|---|---|---|---|
| 1. | ਸ਼ੇਅਰ ਪੂੰਜੀ | 782.87 | 542.00 ਸਟੇਟ<br>521.00 ਸੈਟਰ | 1845.87<br>- | 542.00 ਸਟੇਟ<br>0.00 ਸੈਟਰ |
| 2. | ਰਾਖਵਾਂ ਅਤੇ ਬੱਚਤ | 1036.87 | - | 1036.87 | - |
| 3. | ਕਰਜੇ ਦੀ ਵਸੂਲੀ ( ਮੂਲ ਤੇ ਵਿਆਜ) | - | 1000.00 | 1000.00 | 992.44 |
| 4. | ਬੈਂਕਾਂ ਤੋਂ ਪ੍ਰਾਪਤ ਵਿਆਜ | - | 100.00 | 100.00 | 122.07 |
| 5. | ਇੱਕ ਸਮੇਂ ਨਿਪਟਾਰਾ ਸਕੀਮ | 42.33 | 0.00 | 42.33 | 0.00 |
| 6. | ਮਿਰਤੂ ਕਰਜਦਾਰਾਂ ਦੀ ਮੁਆਫੀ ਸਕੀਮ | - | 1100.00 | 1100.00 | 0.00 |
| 7. | ਨੈਸ਼ਨਲ ਕਾਰਪੋਰੇਸ਼ਨਾਂ ਦੇ ਕਰਜੇ/ਵਸੂਲੀ ਦਾ ਘਾਟਾ | (-) 1234.94 | - | (-) 1234.94 | 0.00 |
| 8. | ਪੂੰਜੀ ਸਬਸਿਡੀ (ਬੈਂਕ ਸਹਿਯੋਗ ਸਕੀਮ) | 683.55 | 500.00 | 1183.55 | 0.00 |
| 9. | ਕਰਜਾ ਵਲੋਂ ਐਨ.ਐਸ. ਐਫ.ਡੀ.ਸੀ. | 115.63 | 675.00 | 790.63 | 3.56 |
| 10. | ਕਰਜਾ ਵੱਲੋਂ ਐਨ.ਐਸ. ਕੇ.ਐਫ.ਡੀ.ਸੀ. | 73.15 | 180.00 | 253.15 | 49.50 |
| 11. | ਕਰਜਾ ਵੱਲੋਂ ਐਨ.ਐਚ. ਐਫ.ਡੀ.ਸੀ. | 102.53 | 270.00 | 372.53 | 125.00 |
| 12. | ਇਕਨਾਮਿਕ ਵੈਂਚਰ ਸਕੀਮ (ਸਕੀਮ ਬੰਦ ਹੋ ਚੁੱਕੀ ਹੈ ) | 34.58 | - | 34.58 | - |
| 13. | ਬੇਘਰਾਂ ਲਈ ਮਕਾਨ ਉਸਾਰੀ ਸਕੀਮ (ਸਕੀਮ ਬੰਦ ਹੋ ਚੁੱਕੀ ਹੈ) | 06.48 | - | 06.48 | - |
| 14. | ਬੱਕਰੀਆਂ ਪਾਲਣ ਸਕੀਮ (ਸਕੀਮ ਬੰਦ ਹੋ ਚੁੱਕੀ ਹੈ) | 04.05 | - | 04.05 | - |
| 15. | ਸਕਵੈਂਜਰ ਨੂੰ ਮੁੜ ਵਸਾਉਣ ਸਬੰਧੀ ਸਕੀਮ | 44.62 | - | 44.62 | - |
| | **ਜੋੜ** | **1691.72** | **4888.00** | **6579.72** | **1834.57** |

(ਅਨੁਲਗ ਅ)

## ਸ਼ੇਅਰ ਪੂੰਜੀ, ਨੈਸ਼ਨਲ ਕਾਰਪੋਰੇਸ਼ਨਾਂ ਤੇ ਸਬਸਿਡੀ, ਦੀਆਂ ਸਕੀਮਾਂ ਦੀ ਅਦਾਇਗੀ ਦੇ ਟੀਚਿਆਂ ਦਾ ਵੇਰਵਾ

ਸਾਲ (2015-16)

(ਰਕਮ ਲੱਖਾਂ ਵਿੱਚ)

| ਲੜੀ ਨੰ: | ਸਕੀਮ ਦਾ ਨਾਂ | ਸ਼ੇਅਰ ਪੂੰਜੀ | ਕਰਜਾ ਐਨ.ਐਸ.ਐਫ ਐਨ.ਐਸ.ਕੇ., ਐਨ.ਐਚ.ਐਫ. ਡੀ.ਸੀ. | ਲਾਭਪਾਤਰੀ ਦਾ ਹਿੱਸਾ, | ਐਸ.ਸੀ.ਏ. ਸਬਸਿਡੀ | ਕੁੱਲ ਜੋੜ | ਲਾਭਪਾਤਰੀਆਂ ਦੀ ਗਿਣਤੀ |
|---|---|---|---|---|---|---|---|
| 1. | ਸਿੱਧਾ ਕਰਜਾ ਸਕੀਮ | 1000.00 | - | - | - | 1000.00 | 500 |
| 2. | ਐਨ.ਐਸ.ਐਫ.ਡੀ.ਸੀ. | 38.00 | 675.00 | 37.00 | - | 750.00 | 500 |
| 3. | ਐਨ.ਐਸ.ਕੇ.ਐਫ.ਡੀ.ਸੀ. | 10.00 | 180.00 | 10.00 | - | 200.00 | 200 |
| 4. | ਐਨ.ਐਚ.ਐਫ.ਡੀ.ਸੀ. | 15.00 | 270.00 | 15.00 | - | 300.00 | 200 |
| 5. | ਬੈਂਕ ਟਾਈ ਅਪ ਸਕੀਮ | - | - | - | 500.00 | 500.00 | 5000 |
| | | 1063.00 | 1125.00 | 62.00 | 500.00 | 2750.00 | 6400 |

( ਵੱਖ-ਵੱਖ ਕਰਜਾ ਸਕੀਮਾਂ ਦੀ ਜਿਲੇਵਾਰ ਵੰਡ/ਟੀਚੇ, ਜਿਲਿਆਂ ਵਿੱਚ ਅਨੁਸੂਚਿਤ ਜਾਤੀਆਂ ਦੀ ਜਨਸੰਖਿਆਂ ਦੇ ਆਧਾਰ ਤੇ ਕੀਤੀ ਗਈ ਹੈ। ਬੈਂਕ ਟਾਈ ਅਪ ਸਕੀਮ ਦੀ ਜਿਲੇਵਾਰ ਵੰਡ/ਟੀਚੇ ਗਰੀਬੀ ਰੇਖਾ ਤੋਂ ਨੀਚੀ ਜਨਸੰਖਿਆ ਦੇ ਆਧਾਰ ਤੇ ਕੀਤੀ ਹੈ ਅਤੇ ਅਪੰਗ ਵਿਅਕਤੀਆਂ ਦੀ ਸਕੀਮ ਦੇ ਟੀਚੇ/ਵੰਡ ਜਿਲ੍ਹੇ ਵਿੱਚ ਅਪੰਗ ਵਿਅਕਤੀਆਂ ਦੀ ਜਨਸੰਖਿਆ ਦੇ ਆਧਾਰ ਤੇ ਕੀਤੀ ਗਈ ਹੈ। )

**ਕੁਲ ਅਦਾਇਗੀ 2750.00 ਲੱਖ ਰੁਪਏ -62.00 ਲੱਖ ਰੁਪਏ (ਲਾਭਪਾਤਰੀ ਦਾ ਹਿੱਸਾ) =2688.00 ਲੱਖ ਰੁਪਏ।**

## ਅਨੁਲਗ ੲ

## ਅਸਲ ਅਤੇ ਤਜਵੀਜ ਖਰਚੇ ਦਾ ਮੱਦ ਵਾਈਜ਼ ਵੇਰਵਾ

(ਰਕਮ ਲੱਖਾਂ ਵਿੱਚ)

| ਲੜੀ ਨੰ: | ਵਿਸ਼ਾ | ਅਸਲ ਖਰਚੇ ਸਾਲ 2014-15 | ਤਜਵੀਜੇ ਖਰਚੇ ਸਾਲ 2015-2016 |
|---|---|---|---|
| **ੳ)** | **ਅਮਲਾ ਖਰਚੇ** | | |
| 1. | ਤਨਖਾਹ ਅਤੇ ਭੱਤੇ | 975.13 | 875.00 |
| 2. | ਆਵਾਜਾਈ ਭੱਤੇ | 02.43 | 6.00 |
| 3. | ਡਾਕਟਰੀ ਖਰਚੇ ਦੀ ਪ੍ਰਤੀ ਪੂਰਤੀ | 04.10 | 12.00 |
| 4. | ਈ.ਪੀ.ਐਫ. ਅੰਸ਼ਦਾਨ | 106.60 | 100.00 |
| 5. | ਛੁੱਟੀ ਦੀ ਤਨਖਾਹ / ਪੈਨਸ਼ਨ ਅੰਸ਼ਦਾਨ | 0.88 | 2.00 |
| 6. | ਐਕਸ ਗਰੇਸੀਆ | 0.00 | 2.00 |
| 7. | ਚੇਅਰਮੈਨ ਨੂੰ ਮਾਨ ਭੱਤਾ | 0.00 | 0.00 |
| | **ਜੋੜ (ੳ)** | 1089.04 | 997.00 |
| **ਅ)** | **ਪ੍ਰਬੰਧਕੀ ਖਰਚੇ** | | |
| 1. | ਮੁਰੰਮਤ ਅਤੇ ਗੱਡੀਆਂ ਦਾ ਪੈਟਰੋਲ | 04.29 | 5.00 |
| 2. | ਕਿਰਾਇਆ,ਰੇਟ,ਟੈਕਸ | 27.98 | 30.00 |
| 3. | ਡਾਕ ਅਤੇ ਟੈਲੀਗ੍ਰਾਫ | 0.92 | 1.20 |
| 4. | ਟੈਲੀਫੂਨ | 02.62 | 3.00 |
| 5. | ਛਪਾਈ ਅਤੇ ਸਟੇਸ਼ਨਰੀ | 03.18 | 5.00 |
| 6. | ਵਿਗਿਆਪਨ | 0.08 | 2.00 |
| 7. | ਪਾਣੀ ਅਤੇ ਬਿਜਲੀ | 03.91 | 6.00 |
| 8. | ਕਾਨੂੰਨੀ ਖਰਚੇ | 0.35 | 3.50 |
| 9. | ਵਰਦੀਆਂ | 0.00 | 1.00 |
| 10. | ਮੁਰੰਮਤ ਅਤੇ ਦਫਤਰੀ ਦੇਖ-ਰੇਖ | 1.12 | 2.00 |
| 11. | ਅਖਬਾਰ ਅਤੇ ਆਵਰਤੀ ਪਤ੍ਰਿਕਾਵਾਂ | 0.08 | 0.20 |
| 12. | ਐਲ.ਟੀ.ਸੀ. | 1.77 | 3.00 |
| 13. | ਖਾਤਰਦਾਰੀ ਭੱਤੇ | 0.84 | 2.00 |
| 14. | ਬੀਮਾ ਖਰਚੇ | 0.10 | 0.30 |
| 15. | ਫੁਟਕਲ ਖਰਚੇ | 3.24 | 2.00 |
| 16. | ਛੁੱਟੀਆਂ ਦੀ ਤਨਖਾਹ ਕੈਸ਼ ਕਰਾਉਣਾ | 25.28 | 100.00 |
| 17. | ਗਰੈਚੂਟੀ | 56.65 | 200.00 |
| 18. | ਆਡਿਟ ਫੀਸ | 0.00 | 1.00 |
| 19. | ਵੈਬਸਾਈਟ ਖਰਚੇ | 0.00 | 1.00 |
| 20. | ਬੈਂਕ ਚਾਰਜਿਜ | 0.11 | 0.50 |
| 21. | ਸਫਾਈ ਖਰਚੇ | 2.63 | 3.00 |
| 22. | ਪਿਛਲੇ ਸਾਲ ਦੇ ਖਰਚੇ | 1.57 | 2.00 |
| 23. | ਟਰੇਨਿੰਗ ਖਰਚੇ | 0.00 | 0.50 |
| 24. | ਕੰਨਜਯੂਮਰ ਸਟੋਰ | 0.33 | 0.50 |
| 25. | ਕਿਰਾਏ ਤੇ ਟੈਕਸੀ ਕਰਨ ਲਈ | 4.08 | 10.00 |
| | **ਜੋੜ (ਅ)** | 41.13 | 384.70 |
| | **ਕੁੱਲ ਖਰਚੇ (ੳ+ਅ)** | 1230.17 | 1381.70 |

(ਅਨੁਲਗ ਸ)

ਸੰਪਤੀ ਦੀ ਖਰੀਦ ਦਾ ਵੇਰਵਾ ਅਤੇ ਨੈਸ਼ਨਲ ਕਾਰਪੋਰੇਸ਼ਨਾਂ (ਐਨ.ਐਸ.ਐਫ.ਡੀ.ਸੀ. , ਐਨ.ਐਸ.ਕੇ.ਐਫ.ਡੀ.ਸੀ. ਅਤੇ ਐਨ.ਐਚ.ਐਫ.ਡੀ.ਸੀ.) ਦੇ ਕਰਜਿਆਂ ਦੀ ਵਾਪਸੀ ਦਾ ਵੇਰਵਾ।

(ੳ) ਸੰਪਤੀ ਖਰੀਦਣ ਲਈ ਉਪਬੰਧ:

(ਰਕਮ ਲੱਖਾਂ ਵਿੱਚ)

| ਲੜੀ ਨੰ: | ਵਿਸ਼ਾ | ਸਾਲ 2014-15 ਦੀ ਅਸਲ ਅਦਾਇਗੀ | ਸਾਲ 2015-16 ਦੀ ਤਜਵੀਜੀ ਅਦਾਇਗੀ |
|---|---|---|---|
| | (ੳ) ਸੰਪਤੀ ਖਰੀਦਣ ਲਈ ਉਪਬੰਧ: | | |
| 1. | ਫਰਨੀਚਰ | 0.00 | 2.00 |
| 2. | ਲਾਇਬਰੇਰੀ ਕਿਤਾਬਾਂ | 0.05 | 0.20 |
| 3. | ਕੰਪਿਊਟਰ ਦਾ ਸਾਜ਼ ਸਮਾਨ | 0.00 | 2.00 |
| 4. | ਦਫਤਰੀ ਸਾਜ ਸਮਾਨ | 0.09 | 1.00 |
| 5. | ਕੰਪਿਊਟਰ ਸਾਫਟਵੇਅਰ | 0.00 | 2.00 |
| 6. | ਬਿਜਲੀ ਦਾ ਸਾਜ ਸਮਾਨ | 0.58 | 1.00 |
| 7. | ਵਹੀਕਲ | 13.24 | 0.00 |
| | ਕੁੱਲ ਜੋੜ (ੳ) | 13.96 | 8.20 |

ਅ) ਕਰਜਾ ਵਾਪਸ ਮੋੜਨ ਲਈ ਉਪਬੰਧ

| ਲੜੀ ਨੰ: | ਨੈਸ਼ਨਲ ਕਾਰਪੋਰੇਸ਼ਨ | ਸਾਲ 2014-15 ਦੀ ਅਸਲ ਅਦਾਇਗੀ | ਸਾਲ 2015-16 ਦੀ ਤਜਵੀਜੀ ਅਦਾਇਗੀ |
|---|---|---|---|
| 1. | ਐਨ.ਐਸ.ਐਫ.ਡੀ.ਸੀ. | 0.00 | 0.00 |
| 2. | ਐਨ.ਐਸ.ਕੇ.ਐਫ.ਡੀ.ਸੀ. | 0.00 | 60.56 |
| 3. | ਐਨ.ਐਚ.ਐਫ.ਡੀ.ਸੀ. | 0.00 | 217.90 |
| | ਕੁੱਲ ਜੋੜ (ਅ) | 0.00 | 278.46 |

ਸਾਲ 2014-15 ਦੀ ਅਸਲ ਅਦਾਇਗੀ ਅਤੇ ਸਾਲ 2015-16 ਦੀ ਤਜਵੀਜੀ ਅਦਾਇਗੀ।

(ਰਕਮ ਲੱਖਾਂ ਵਿੱਚ)

| | ਸਾਲ 2014-15 ਦੀ ਅਸਲ ਅਦਾਇਗੀ | ਸਾਲ 2015-16 ਤਜਵੀਜੀ ਅਦਾਇਗੀ |
|---|---|---|
| **ੳ) ਸ਼ੇਅਰ ਪੂੰਜੀ** | | |
| 1. ਸਿੱਧਾ ਕਰਜਾ ਸਕੀਮ | 604.95 | 1000.00 |
| 2. ਐਨ.ਐਸ.ਐਫ.ਡੀ.ਸੀ. ਸਕੀਮ | 0.15 | 38.00 |
| 3. ਐਨ.ਐਸ.ਕੇ.ਐਫ.ਡੀ.ਸੀ. ਸਕੀਮ | 0.40 | 10.00 |
| 4. ਐਨ.ਐਚ.ਐਫ.ਡੀ.ਸੀ. ਸਕੀਮ | 2.03 | 15.00 |
| 5. ਸਕਵੈਂਜਰ ਨੂੰ ਮੁੜ ਵਸਉਣ ਸਬੰਧੀ ਸਕੀਮ | - | - |
| **ਜੋੜ(ੳ)** | 607.53 | 1063.00 |
| **ਅ) ਸਬਸਿਡੀ** | | |
| 1. ਬੀ.ਟੀ.ਐਸ. ਸਕੀਮ (ਪੂੰਜੀ ਸਬਸਿਡੀ) | 0.00 | 500.00 |
| 2. ਐਨ.ਐਸ.ਐਫ.ਡੀ.ਸੀ. ਸਕੀਮ | 0.00 | - |
| 3. ਐਨ.ਐਸ.ਕੇ.ਐਫ.ਡੀ.ਸੀ.ਸਕੀਮ | 0.00 | - |
| 4. ਐਨ.ਐਚ.ਐਫ.ਡੀ.ਸੀ.ਸਕੀਮ | - | - |
| 5. ਸਕਵੈਂਜਰ ਨੂੰ ਮੁੜ ਵਸਾਉਣ ਸਬੰਧੀ ਸਕੀਮ | - | - |
| **ਜੋੜ (ਅ)** | 0.00 | 500.00 |
| **ੲ) ਐਨ.ਐਸ.ਐਫ.ਡੀ.ਸੀ., ਐਨ.ਐਸ.ਕੇ.ਐਫ.ਡੀ.ਸੀ. ਅਤੇ ਐਨ.ਐਚ.ਐਫ.ਡੀ.ਸੀ. ਕਰਜੇ** | | |
| 1. ਐਨ.ਐਸ.ਐਫ.ਡੀ.ਸੀ. ਸਕੀਮ | 2.75 | 675.00 |
| 2. ਐਨ.ਐਸ.ਕੇ.ਐਫ.ਡੀ.ਸੀ. ਸਕੀਮ | 7.20 | 180.00 |
| 3. ਐਨ.ਐਚ.ਐਫ.ਡੀ.ਸੀ.ਸਕੀਮ | 36.45 | 270.00 |
| **ਜੋੜ (ੲ)** | 46.40 | 1125.00 |
| **ਕੁੱਲ ਜੋੜ (ੳ+ਅ+ੲ)** | 653.93 | 2688.00 |
| ਸ) ਅਮਲਾ/ਪ੍ਰਬੰਧਕੀ ਖਰਚੇ | 1230.17 | 1381.70 |
| ਹ) ਸੰਪਤੀ ਦੀ ਖਰੀਦ | 13.96 | 8.20 |
| ਕ) ਨੈਸ਼ਨਲ ਕਾਰਪੋਰੇਸ਼ਨਾਂ ਦੇ ਕਰਜੇ ਦੀ ਵਾਪਸੀ (ਐਨ.ਐਸ.ਐਫ.ਡੀ.ਸੀ., ਐਨ.ਐਸ.ਕੇ.ਐਫ.ਡੀ.ਸੀ. ਅਤੇ ਐਨ.ਐਚ.ਐਫ.ਡੀ.ਸੀ.) | 0.00 | 278.46 |
| **ਜੋੜ (ਸ+ਹ+ਕ)** | 1244.13 | 1668.36 |
| **ਕੁੱਲ ਜੋੜ (ੳ ਤੋਂ ਕ)** | 1898.06 | 4356.36 |

ਵੱਖ -ਵੱਖ ਸਕੀਮਾਂ ਅਤੇ ਸਿਰਲੇਖਾ ਦਾ ਵੇਰਵਾ

## (I) ਸ਼ੇਅਰ ਕੈਪੀਟਲ

ਕਾਰਪੋਰੇਸ਼ਨ ਦੀ ਅਧਿਕਾਰਤ ਸ਼ੇਅਰ ਕੈਪੀਟਲ 125.00 ਕਰੋੜ ਰੁਪਏ ਹੈ। ਜਿਸ ਵਿੱਚੋਂ ਕਾਰਪੋਰੇਸ਼ਨ ਨੂੰ ਹੁਣ ਤੱਕ 91.33 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ। ਇਸ ਵਿੱਚੋਂ 31.03.2015 ਤੱਕ ਪੇਡ-ਅਪ ਕੈਪੀਟਲ ਹੇਠ ਲਿਖੇ ਅਨੁਸਾਰ ਹੈ:-

ਰਾਜ ਸਰਕਾਰ ਦਾ ਹਿੱਸਾ =50.74 ਕਰੋੜ ਰੁਪਏ।

ਕੇਂਦਰ ਸਰਕਾਰ ਦਾ ਹਿੱਸਾ =40.59 ਕਰੋੜ ਰੁਪਏ।

ਕਾਰਪੋਰੇਸ਼ਨ ਵੱਲੋਂ ਕਈ ਕਰਜਾ ਸਕੀਮਾਂ ਸ਼ੇਅਰ ਕੈਪੀਟਲ ਵਿੱਚੋਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚੋਂ ਸਿੱਧਾ ਕਰਜਾ ਸਕੀਮ ਮੁੱਖ ਹੈ ਅਤੇ ਹੋਰ ਸਕੀਮਾਂ ਐਨ.ਐਸ.ਐਫ.ਡੀ.ਸੀ. ਦੇ ਸਹਿਯੋਗ ਨਾਲ, ਐਨ.ਐਸ.ਐਫ.ਡੀ.ਸੀ. ਤੋਂ ਕਰਜਾ ਲੈ ਕੇ ਚਲਾਈਆਂ ਜਾਂਦੀਆਂ ਹਨ । ਸ਼ੇਅਰ ਕੈਪੀਟਲ ਨੂੰ ਐਨ.ਐਸ.ਕੇ.ਐਫ.ਡੀ.ਸੀ.. ਅਤੇ ਐਨ.ਐਚ.ਐਫ.ਡੀ.ਸੀ.. ਦੀਆਂ ਸਕੀਮਾਂ ਵਿੱਚ ਵੀ ਵਰਤਿਆ ਜਾਂਦਾ ਹੈ। ਸ਼ੇਅਰ ਕੈਪੀਟਲ ਦੀ ਸਾਲ 2014-15 ਵਿੱਚ ਬਜਟ ਪ੍ਰੋਵੀਜਨ 1063.00 ਲੱਖ ਰੁਪਏ ਸੀ ਜਿਸ ਵਿਚੋਂ ਕਾਰਪੋਰਸ਼ਨ ਨੂੰ 542.00 ਲੱਖ ਰੁਪਏ (ਰਾਜ ਸਰਕਾਰ ਦਾ ਹਿੱਸਾ) ਜਾਰੀ ਕੀਤਾ ਜਾ ਚੁੱਕਾ ਹੈ। ਸਾਲ 2015-16 ਲਈ, ਰਾਜ ਸਰਕਾਰ ਦਾ ਹਿੱਸਾ 542.00 ਲੱਖ ਰੁਪਏ ਅਤੇ ਕੇਂਦਰ ਸਰਕਾਰ ਦਾ ਹਿੱਸਾ 521.00 ਲੱਖ ਰੁਪਏ, ਤਜਵੀਜੀ ਬਜਟ ਪ੍ਰੋਵੀਜਨ ਹੈ।

## (II) ਕਰਜੇ ਦੀਆਂ ਸਕੀਮਾਂ

### 1. ਸਿੱਧਾ ਕਰਜਾ ਸਕੀਮ

ਸਿੱਧਾ ਕਰਜਾ ਸਕੀਮ ਕਾਰਪੋਰੇਸ਼ਨ ਦੀ ਸਥਾਪਨਾ ਦੇ ਸਮੇਂ ਤੋਂ ਹੀ ਲਾਗੂ ਕੀਤੀ ਜਾ ਰਹੀ ਹੈ। ਇਸ ਸਕੀਮ ਦੇ ਤਹਿਤ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਨੂੰ ਵੱਖ-ਵੱਖ ਆਮਦਨੀ ਵਧਾਉਣ ਵਾਲੀਆਂ ਸਕੀਮਾਂ ਦੇ ਲਈ ਕਰਜਾ ਦਿੱਤਾ ਜਾਂਦਾ ਹੈ, ਜਿਵੇਂ ਕਿ ਡੇਅਰੀ ਫਾਰਮਿੰਗ, ਸੂਰ ਪਾਲਣ , ਪੋਲਟਰੀ ਫਾਰਮਿੰਗ, ਭੇਡਾਂ ਪਾਲਣ, ਸਮਾਲ ਬਿਜਨਸ, ਕਰਿਆਨਾ ਦੁਕਾਨ, ਜਮੀਨ ਖ੍ਰੀਦਣ ਅਤੇ ਉਚੇਰੀ ਸਿਖਿਆ ਆਦਿ ਲਈ 0% ਤੋਂ 8% ਤੱਕ ਦੀ ਸਲਾਨਾ ਵਿਆਜ ਦਰ ਤੇ ਕਰਜਾ ਸ਼ੇਅਰ ਕੈਪੀਟਲ ਵਿੱਚੋਂ ਦਿੱਤਾ ਜਾਂਦਾ ਹੈ ਜੋ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ 49:51 ਦੇ ਅਨੁਪਾਤ ਵਿੱਚ ਕਾਰਪੋਰੇਸ਼ਨ ਨੂੰ ਦਿੱਤੀ ਜਾਂਦੀ ਹੈ।

ਸਾਲ 1992-93 ਤੱਕ 15000/- ਰੁਪਏ ਤੱਕ ਦੀ ਸਲਾਨਾ ਆਮਦਨ ਵਾਲੇ ਲਾਭਪਾਤਰੀਆਂ ਨੂੰ ਕਰਜਾ ਦਿੱਤਾ ਜਾਂਦਾ ਸੀ, ਪ੍ਰੰਤੂ ਇਸ ਸਕੀਮ ਵਿੱਚ ਵੱਧ ਤੋਂ ਵੱਧ ਲਾਭਪਾਤਰੀਆਂ ਨੂੰ ਕਵਰ ਕਰਨ ਲਈ ਆਮਦਨ ਦੀ ਹੱਦ 1.00 ਲੱਖ ਰੁਪਏ ਕਰ ਦਿੱਤੀ ਗਈ ਹੈ। ਕਰਜਾ ਲੈਣ ਸਮੇਂ ਲਾਭਪਾਤਰੀ ਦੀ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ ਦੇਖੀ ਜਾਵੇਗੀ, ਪਰ ਜੇ ਕਰਜਾ ਲੈਣ ਵਾਲਾ ਬੇਰੁਜਗਾਰ ਹੈ ਅਤੇ ਆਪਣਾ ਕੰਮ ਸੁਰੂ ਕਰਨਾ ਚਾਹੁੰਦਾ ਹੈ,ਤਾਂ ਉਸਦੀ ਪਰਿਵਾਰਕ ਆਮਦਨ ਦਾ ਧਿਆਨ ਨਹੀ ਰੱਖਿਆ ਜਾਵੇਗਾ।ਸਾਲ 2014-15 ਤੱਕ ਇਸ ਸਕੀਮ ਅਧੀਨ 40501 ਲਾਭਪਾਤਰੀਆਂ ਨੂੰ 8146.65 ਲੱਖ ਰੁਪੈ ਦੇ ਕਰਜੇ ਵੰਡੇ ਜਾ ਚੁੱਕੇ ਹਨ।

ਸਾਲ 2014-15 ਦੇ ਟੀਚੇ/ ਪ੍ਰਾਪਤੀਆਂ ਅਤੇ ਸਾਲ 2015-16 ਲਈ ਤਜ਼ਵੀਜ਼ ਹੇਠ ਲਿਖੇ ਅਨੁਸਾਰ ਹੈ:-

**ੳ)** (ਰਕਮ ਲੱਖਾਂ ਵਿੱਚ)

| ਬਜਟ ਪ੍ਰੋਵੀਜਨ 2014-15 | ਟੀਚੇ 2014-15 | | ਪ੍ਰਾਪਤੀ 2014-15 | |
|---|---|---|---|---|
| | ਫਿਜ਼ੀਕਲ | ਵਿੱਤੀ | ਫਿਜ਼ੀਕਲ | ਵਿੱਤੀ |
| 1063.00 | 500 | 1000.00 | 387 | 604.95 |

**ਅ) ਸਾਲ 2015-16 ਲਈ ਟੀਚੇ** ( ਰਕਮ ਲੱਖਾਂ ਵਿੱਚ)

| ਫਿਜ਼ੀਕਲ | ਵਿੱਤੀ |
|---|---|
| 500 | 1000.00 |

2. **ਐਨ.ਐਸ.ਐਫ.ਡੀ.ਸੀ. ਦੇ ਸਹਿਯੋਗ ਨਾਲ ਚਲਾਈਆਂ ਜਾ ਰਹੀਆਂ ਹੋਰ ਸਕੀਮਾਂ।**

ਕਾਰਪੋਰੇਸ਼ਨ ਐਨ.ਐਸ.ਐਫ.ਡੀ.ਸੀ. ਦੇ ਸਹਿਯੋਗ ਨਾਲ ਕਈ ਸਕੀਮਾਂ ਚਲਾ ਰਹੀ ਹੈ , ਜਿਵੇ ਕਿ ਸਮਾਲ ਬਿਜਨਸ ਸਕੀਮ, ਸਮਾਲ ਸਕੇਲ ਉਦਯੋਗ , ਖੇਤੀਬਾੜੀ ਅਤੇ ਅਲਾਈਡ ਐਕਟੀਵੀਟੀਜ਼ ਸਕੀਮ ਅਤੇ ਉਚੇਰੀ ਸਿੱਖਿਆ ਲਈ ਕਰਜਾ। **ਮਿਤੀ 31.3.2015 ਤੱਕ 5890 ਲਾਭਪਾਤਰੀਆਂ ਨੂੰ 4884.83 ਲੱਖ ਰੁਪੈ ਦਾ ਕਰਜਾ ਦਿੱਤਾ ਗਿਆ।** ਜਿਨਾਂ ਲਾਭਪਾਤਰੀਆਂ ਦੀ ਗਰੀਬੀ ਰੇਖਾ ਤੋਂ ਦੁਗਣੀ ਆਮਦਨ ਹੈ, ਉਹ ਇਨ੍ਹਾਂ ਸਕੀਮਾਂ ਅਧੀਨ ਕਰਜਾ ਲੈਣ ਦੇ ਕਾਬਲ ਹਨ। ਕਰਜਾਦਾਰਾਂ ਨੂੰ ਦੋ ਲੱਖ ਰੁਪੈ ਤੱਕ ਦਾ ਕਰਜਾ ਦਿੱਤਾ ਜਾਂਦਾ ਹੈ। ਉਸ ਦਾ 90% ਹਿੱਸਾ ਐਨ.ਐਸ.ਐਫ.ਡੀ.ਸੀ. ਤੋਂ ਕਰਜਾ ਲੈ ਕੇ ਦਿੱਤਾ ਜਾਂਦਾ ਹੈ ਅਤੇ ਬਾਕੀ ਦਾ 10% ਕਾਰਪੋਰੇਸ਼ਨ ਦੇ ਸ਼ੇਅਰ ਕੈਪੀਟਲ ਵਿੱਚੋਂ ਹਿੱਸਾ ਪਾਇਆ ਜਾਂਦਾ ਹੈ। ਗਰੀਬੀ ਰੇਖਾ ਤੋਂ ਨੀਚੇ ਦੇ ਲਾਭਪਾਤਰੀਆਂ ਨੂੰ ਐਸ.ਸੀ.ਏ. ਫੰਡ ਵਿਚੋਂ ਸਬਸਿਡੀ ਦਿੱਤੀ ਜਾਂਦੀ ਹੈ।

ਸਾਲ 2014-15 ਦੀ ਪ੍ਰਾਪਤੀ ਅਤੇ ਸਾਲ 2015-16 ਦੇ ਟੀਚੇ

(ਰਕਮ ਲੱਖਾਂ ਵਿੱਚ)

| **ਟੀਚੇ (2014-15)** | | **ਪ੍ਰਾਪਤੀ (2014-15)** | | **ਤਜ਼ਵੀਜ 2015-16** | |
|---|---|---|---|---|---|
| **ਫਿਜ਼ੀਕਲ** | **ਵਿੱਤੀ** | **ਫਿਜ਼ੀਕਲ** | **ਵਿੱਤੀ** | **ਫਿਜ਼ੀਕਲ** | **ਵਿੱਤੀ** |
| 500.00 | 750.00 | 1.00 | 2.90 | 500 | 750.00 |

3. **ਐਨ.ਐਸ.ਕੇ.ਐਫ.ਡੀ.ਸੀ. ਦੇ ਸਹਿਯੋਗ ਨਾਲ ਚਲਾਈਆਂ ਜਾਣ ਵਾਲੀਆਂ ਸਕੀਮਾਂ:**

ਕਾਰਪੇਰੇਸ਼ਨ ਨੇ ਐਨ.ਐਸ.ਕੇ.ਐਫ.ਡੀ.ਸੀ. ਦੇ ਸਹਿਯੋਗ ਨਾਲ ਕਈ ਸਕੀਮਾਂ ਸੁਰੂ ਕੀਤੀਆਂ ਹਨ, ਜਿਵੇਂ ਕਿ ਸਮਾਲ ਬਿਜਨਸ ਸਕੀਮ, ਸਮਾਲ ਸਕੇਲ ਉਦਯੋਗ ਸਕੀਮ , ਖੇਤੀਬਾੜੀ ਅਤੇ ਅਲਾਈਡ ਸਕੀਮਾਂ। ਮਿਤੀ 31.3.2015 ਤੱਕ 1241 ਸਫਾਈ ਕਰਮਚਾਰੀਆਂ ਨੂੰ 701.56 ਲੱਖ ਰੁਪੈ ਦਾ ਕਰਜਾ ਦਿੱਤਾ ਗਿਆ।

(ਰਕਮ ਲੱਖਾਂ ਵਿੱਚ)

| **ਸਾਲ 2015-16 ਦਾ ਪ੍ਰੋਗਰਾਮ** | | **ਸਾਲ 2014-15 ਦੀ ਪ੍ਰਾਪਤੀ** | |
|---|---|---|---|
| **ਫਿਜ਼ੀਕਲ** | **ਵਿੱਤੀ** | **ਫਿਜ਼ੀਕਲ** | **ਵਿੱਤੀ** |
| 200 | 200.00 | 8 | 7.60 |

4 **ਐਨ.ਐਚ.ਐਫ.ਡੀ.ਸੀ. ਦੇ ਸਹਿਯੋਗ ਨਾਲ ਚਲਾਈਆਂ ਜਾਣ ਵਾਲੀਆਂ ਸਕੀਮਾਂ:**

ਕਾਰਪੋਰੇਸ਼ਨ ਨੇ ਨੈਸਨਲ ਹੈਂਡੀਕੈਪਡ ਕਾਰਪੋਰੇਸ਼ਨ ਨੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੂੰ ਆਪਣੀ ਸਟੇਟ ਚੈਨੇਲਾਈਜਿੰਗ ਏਜੰਸੀ ਚੁਣਿਆ ਹੈ। ਇਸ ਕਾਰਪੋਰੇਸ਼ਨ ਅਧੀਨ ਕਰਿਆਨਾ ਦੁਕਾਨ, ਡੇਅਰੀ, ਰੈਡੀਮੇਡ ਗਾਰਮੈਂਟਸ ਅਤੇ ਕਪੜੇ ਦੀ ਦੁਕਾਨ ਆਦਿ ਲਈ ਕਰਜਾ ਦਿੱਤਾ ਜਾਂਦਾ ਹੈ। ਇਨ੍ਹਾਂ ਸਕੀਮਾਂ ਅਧੀਨ ਕਰਜਾ ਲੈਣ ਲਈ 0.50 ਲੱਖ ਰੁਪੈ ਤੱਕ ਦਾ ਪ੍ਰੋਜੈਕਟ ਲਈ 100% ਕਰਜਾ ਐਨ.ਐਚ.ਐਫ.ਡੀ.ਸੀ. ਵੱਲੋਂ ਦਿੱਤਾ ਜਾਂਦਾ ਹੈ ਅਤੇ 0.50 ਲੱਖ ਤੋਂ 1.00 ਲੱਖ ਤੱਕ ਦੇ ਪ੍ਰੋਜੈਕਟ ਲਈ ਐਨ.ਐਚ.ਐਫ.ਡੀ.ਸੀ. ਦਾ ਹਿੱਸਾ 95% ਹੈ ਅਤੇ 1.00 ਲੱਖ ਰੁਪੈ ਤੋਂ ਉਪਰ ਦੇ ਪ੍ਰੋਜੈਕਟ ਲਈ ਐਨ.ਐਚ.ਐਫ.ਡੀ.ਸੀ. ਦਾ ਹਿੱਸਾ 90% ਅਤੇ ਬਾਕੀ ਦੀ ਰਕਮ ਕਾਰਪੋਰੇਸ਼ਨ ਅਤੇ ਕਰਜਦਾਰ ਵੱਲੋਂ ਦਿੱਤੀ ਜਾਂਦੀ ਹੈ। ਅੰਗਹੀਣ ਵਿਅਕਤੀ ਲਈ ਕਰਜਾ ਲੈਣ ਲਈ ਆਮਦਨ ਦੀ ਕੋਈ ਹੱਦ ਨਹੀ, ਪਰ 90% ਕਰਜਾ ਕੇਸ 5.00 ਲੱਖ ਰੁਪਏ ਤੋਂ ਘੱਟ ਆਮਦਨੀ ਵਾਲੇ ਹੋਣ। ਮਿਤੀ 31.3.15 ਤੱਕ 747 ਲਾਭਪਾਤਰੀਆਂ ਨੂੰ 800.43 ਲੱਖ ਰੁਪਏ ਦਾ ਕਰਜਾ ਦਿੱਤਾ ਗਿਆ ਹੈ।

(ਰਕਮ ਲੱਖਾਂ ਵਿੱਚ)

| **ਸਾਲ 2015-16 ਲਈ ਪ੍ਰੋਗਰਾਮ** | | **ਸਾਲ 2014-15 ਦੀ ਪ੍ਰਗਤੀ** | |
|---|---|---|---|
| **ਫਿਜ਼ੀਕਲ** | **ਵਿੱਤੀ** | **ਫਿਜ਼ੀਕਲ** | **ਵਿੱਤੀ** |
| 200 | 300.00 | 16 | 38.48 |

**III) ਬੈਂਕ ਟਾਈ-ਅਪ ਕਰਜਾ ਸਕੀਮ ਅਧੀਨ ਕੈਪੀਟਲ ਸਬਸਿਡੀ।**

ਇਸ ਸਕੀਮ ਤਹਤਿ ਗਰੀਬੀ ਦੀ ਰੇਖਾ ਤੋਂ ਹੇਠ ਰਹਿੰਦੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਬੈਂਕ ਰਾਹੀਂ ਕਰਜਾ ਦਿਵਾਇਆ ਜਾਂਦਾ ਹੈ, ਜਿਸ ਵਿੱਚ ਕਰਜੇ ਦੀ ਰਕਮ ਦਾ 50% ਜਾਂ 10000/- ਰੁਪੈ ਜੋ ਵੀ ਘੱਟ ਹੋਵੇ, ਬਤੌਰ ਸਬਸਿਡੀ ਦਿੱਤੀ ਜਾਂਦੀ ਹੈ। ਸਾਲ 2014-15 ਤੱਕ 450864 ਲਾਭਪਾਤਰੀਆਂ ਨੂੰ ਬੈਂਕ ਟਾਈ-ਅਪ ਸਕੀਮ ਅਧੀਨ ਕਰਜਾ ਦਿੱਤਾ ਗਿਆ ਜਿਸ ਵਿਚ 48242.23 ਲੱਖ ਰੁਪੈ ਕਰਜਾ ਅਤੇ 15871.38 ਲੱਖ ਰੁਪੈ ਸਬਸਿਡੀ ਹੈ।

ਇਸ ਸਕੀਮ ਅਧੀਨ ਸਾਲ 2014-15 ਦੇ ਟੀਚੇ/ ਪ੍ਰਾਪਤੀਆਂ ਅਤੇ ਸਾਲ 2015-16 ਦੀ ਤਜਵੀਜ਼ ਹੇਠ ਲਿਖੇ ਅਨੁਸਾਰ ਹੈ:

**ੳ) ਸਾਲ 2014-15 ਦੇ ਟੀਚੇ/ਪ੍ਰਾਪਤੀਆਂ** (ਰਕਮ ਲੱਖਾਂ ਵਿੱਚ)

| **ਟੀਚੇ** | | **ਪ੍ਰਾਪਤੀ** | | |
|---|---|---|---|---|
| **ਫਿਜ਼ੀਕਲ** | **ਵਿੱਤੀ** (ਸਬਸਿਡੀ ਰਕਮ) | **ਫਿਜ਼ੀਕਲ** | **ਵਿੱਤੀ** | **ਰਿਮਾਕਸ** |
| 1000 | 100.00 | ਨਿਲ | ਨਿਲ | ਸਰਕਾਰ ਵਲੋਂ ਫੰਡਜ ਜਾਰੀ ਨਾ ਹੋਣ ਕਾਰਣ |

ਅ) **ਸਾਲ 2015-16 ਦੇ ਟੀਚੇ**

| **ਫਿਜ਼ੀਕਲ** | **ਵਿੱਤੀ** |
|---|---|
| 5000 | 500.00 |

**IV) ਕਰਜੇ ਦੀ ਵਸੂਲੀ**

ਸਾਲ 2014-15 ਦੌਰਾਨ ਇਸ ਕਾਰਪੋਰੇਸ਼ਨ ਵੱਲੋਂ 992.44 ਲੱਖ ਰੁਪੈ ਦੀ ਵਸੂਲੀ ਕਰਜਦਾਰਾਂ ਤੋਂ ਕੀਤੀ ਗਈ ਅਤੇ ਸਾਲ 2015-16 ਦੌਰਾਨ 1000.00 ਲੱਖ ਰੁਪੈ ਦੀ ਵਸੂਲੀ ਹੋਣ ਦੀ ਸੰਭਾਵਨਾ ਹੈ।